AQA

Please write clearly in block capitals.

Centre number | | | | | |

Candidate number | | | | |

Surname ____________________

Forename(s) ____________________

Candidate signature ____________________
I declare this is my own work.

# A-level
# PANJABI

## Paper 1 Reading and Writing

Wednesday 21 May 2025 Morning Time allowed: 2 hours 30 minutes

### Instructions
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

### Information
- The marks for questions are shown in brackets.
- The maximum mark for this paper is 85.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A Reading and Translation 45 marks
  Section B Writing (Research Project) 40 marks.

### Advice
- You are advised to allocate your time as follows:
  Reading and Translation 1 hour 15 minutes approximately
  Writing (Research Project) 1 hour 15 minutes approximately.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| **TOTAL** | |

Do not write outside the box

## Section A

### Reading and Translation

Answer **all** questions in the spaces provided.

**0 1** **ਕਰਤਾਰ ਬੁੱਕ ਸਟੋਰ**

ਤੁਸੀਂ ਕਰਤਾਰ ਬੁੱਕ ਸਟੋਰ ਬਾਰੇ ਇਹ ਬਲੌਗ ਪੜ੍ਹੋ। ਬਲੌਗ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਲੋਕਾਂ ਦੇ ਕਿਤਾਬਾਂ, ਅਖਬਾਰਾਂ ਅਤੇ ਇੱਥੋਂ ਤੱਕ ਕਿ ਧਾਰਮਿਕ ਪੁਸਤਕਾਂ ਪੜ੍ਹਨ ਦੇ ਤਰੀਕੇ ਪਿਛਲੇ ਕੁਝ ਸਾਲਾਂ ਤੋਂ ਬਦਲ ਗਏ ਹਨ ਕਿਉਂਕਿ ਇਹ ਸਭ ਹੁਣ ਔਨਲਾਈਨ ਉਪਲਬਧ ਹਨ। ਇਸ ਕਰਕੇ ਕਈ ਕਿਤਾਬਾਂ ਦੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਅਤੇ ਕਈ ਦੁਕਾਨਦਾਰ ਵੱਡੀਆਂ ਦੁਕਾਨਾਂ ਬੰਦ ਕਰਕੇ ਛੋਟੀ ਜਗ੍ਹਾ ਤੇ ਚਲੇ ਗਏ ਹਨ। ਇੱਕ ਸਮਾਂ ਸੀ ਜਦੋਂ ਅੰਮ੍ਰਿਤਸਰ ਦਾ ਕਰਤਾਰ ਬੁੱਕ ਸਟੋਰ ਇੱਕ ਵੱਡੀ ਤਿੰਨ ਮੰਜ਼ਲੀ ਇਮਾਰਤ ਸੀ ਪਰ ਅੱਜ ਇਸ ਦੁਕਾਨ ਦਾ ਕੰਮ ਉਸ ਇਮਾਰਤ ਦੇ ਤਹਿਖਾਨੇ ਤੋਂ ਚਲ ਰਿਹਾ ਹੈ।

ਦੁਕਾਨ ਦੇ ਮਾਲਕ, ਕਰਤਾਰ ਸਿੰਘ ਨੇ ਦੱਸਿਆ, "ਸਾਡੇ ਕੋਲ ਵੱਖ-ਵੱਖ ਤਰ੍ਹਾਂ ਦੀਆਂ ਪੰਜਾਹ ਹਜ਼ਾਰ ਕਿਤਾਬਾਂ ਹਨ ਜਿਨ੍ਹਾਂ ਵਿੱਚੋਂ ਕਈ ਤਾਂ ਦੁਰਲੱਭ ਹਨ। ਪਹਿਲਾਂ ਤਾਂ ਲੋਕ ਇੱਥੋਂ ਦੂਰੋਂ-ਦੂਰੋਂ ਆ ਕੇ ਕਿਤਾਬਾਂ ਖਰੀਦਦੇ ਸਨ ਅਤੇ ਕਈ ਤਾਂ ਘੰਟਿਆਂ ਤੱਕ ਸੈਂਕੜੇ ਕਿਤਾਬਾਂ ਖੋਲ੍ਹ-ਖੋਲ੍ਹ ਕੇ ਦੇਖਦੇ ਸਨ, ਪਰ ਅੱਜ-ਕੱਲ੍ਹ ਤਾਂ ਨੌਜਵਾਨਾਂ ਨੂੰ ਸਭ ਕੁਝ ਝੱਟ-ਪਟ ਚਾਹੀਦਾ ਹੈ। ਸਬਰ ਕਿਸੇ ਕੋਲ ਨਹੀਂ ਅਤੇ ਕਈ ਲੋਕ ਕਿਤਾਬਾਂ ਔਨਲਾਈਨ ਪੜ੍ਹਨਾ ਜਾਂ ਖਰੀਦਣਾ ਪਸੰਦ ਕਰਦੇ ਹਨ।"

ਦੁਕਾਨ ਤੇ ਆਈ ਇੱਕ ਗਾਹਕ ਗੁਲਸ਼ਨ ਕੌਰ ਨੇ ਦੱਸਿਆ, "ਮੈਂ ਤਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਤੇ ਗੁਟਕੇ ਲੈਣ ਆਈ ਹਾਂ ਜੋ ਕਿ ਇੱਥੇ ਬੜੇ ਸਤਿਕਾਰ ਅਤੇ ਨਿਸ਼ਠਾ ਨਾਲ ਰੱਖੇ ਜਾਂਦੇ ਹਨ। ਮੈਨੂੰ ਬਹੁਤ ਅਫਸੋਸ ਹੈ ਕਿ ਕੁਝ ਲੋਕ ਧਾਰਮਿਕ ਗ੍ਰੰਥ ਅਤੇ ਧਾਰਮਿਕ ਰਸਾਲੇ ਬਗੈਰ ਕਿਸੇ ਮਰਿਆਦਾ ਦੇ ਔਨਲਾਈਨ ਪੜ੍ਹ ਲੈਂਦੇ ਹਨ। ਇਸ ਤਰ੍ਹਾਂ ਆਪਣੀ ਸਹੂਲਤ ਮੁਤਾਬਕ ਗੁਰੂਆਂ ਦੀ ਬਾਣੀ ਪੜ੍ਹਨਾ ਗੁਰੂਆਂ ਦੀ ਬੇਅਦਬੀ ਹੈ ਅਤੇ ਇਹ ਦੇਖ ਕੇ ਮੈਨੂੰ ਦੁੱਖ ਹੁੰਦਾ ਹੈ।"

Do not write outside the box

**0 1 . 1** ਬਲੌਗ ਅਨੁਸਾਰ, ਪੜ੍ਹਨ ਸਮੱਗਰੀ ਦੀ ਔਨਲਾਈਨ ਮੌਜੂਦਗੀ ਦਾ ਕਿਤਾਬਾਂ ਦੀਆਂ ਦੁਕਾਨਾਂ ਤੇ ਕੀ ਪ੍ਰਭਾਵ ਪਿਆ ਹੈ ?

**[1 mark]**

_______________________________________________

_______________________________________________

**0 1 . 2** ਕਰਤਾਰ ਸਿੰਘ ਮੁਤਾਬਕ ਗਾਹਕਾਂ ਵਿੱਚ ਪਹਿਲਾਂ ਨਾਲੋਂ ਕੀ ਤਬਦੀਲੀਆਂ ਆਈਆਂ ਹਨ ? **ਦੋ** ਗੱਲਾਂ ਲਿਖੋ ।

**[2 marks]**

_______________________________________________

_______________________________________________

_______________________________________________

_______________________________________________

**0 1 . 3** ਗੁਲਸ਼ਨ ਕੌਰ ਨੂੰ ਕਿਹੜੀਆਂ ਗੱਲਾਂ ਦਾ ਖੇਦ ਹੈ ? **ਦੋ** ਗੱਲਾਂ ਲਿਖੋ ।

**[2 marks]**

_______________________________________________

_______________________________________________

_______________________________________________

_______________________________________________

**Question 1 continues on the next page**

Do not write outside the box

ਹੇਠ ਲਿਖੇ ਸ਼ਬਦਾਂ / ਪ੍ਰਗਟਾਵਾਂ ਦੇ ਸਮਾਨ ਅਰਥ ਸ਼ਬਦ / ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ ।
ਸ਼ਬਦ / ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ :

0 1 . 4 ਢੰਗ

**[1 mark]**

______________________________________________________________________

______________________________________________________________________

0 1 . 5 ਬਹੁਤ ਘੱਟ

**[1 mark]**

______________________________________________________________________

______________________________________________________________________

0 1 . 6 ਸ਼ਰਧਾ

**[1 mark]**

______________________________________________________________________

______________________________________________________________________

**8**

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 2** **ਵਿਕਾਸਸ਼ੀਲ ਦਲਿਤ ਨੌਜਵਾਨ**

ਦਲਿਤ ਨੌਜਵਾਨਾਂ ਵੱਲੋਂ ਆਪਣੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਬਾਰੇ ਇੱਕ ਖੋਜ ਪਰਚੇ ਦਾ ਇਹ ਅੰਸ਼ ਪੜ੍ਹੋ।

ਦਲਿਤ ਅਤੇ ਅਨੁਸੂਚਿਤ ਜਾਤੀ ਦੇ ਲੋਕ ਪੰਜਾਬ ਦੀ ਆਬਾਦੀ ਦਾ ਇੱਕ ਤਿਹਾਈ ਹਿੱਸਾ ਹਨ। ਕਈ ਸਾਲ ਤੱਕ ਜਾਤ-ਪਾਤ, ਅਸਮਾਨਤਾ ਅਤੇ ਹੋਰ ਕਾਰਨਾਂ ਕਰਕੇ ਇਸ ਵਰਗ ਦੇ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਪੱਧਰ ਤੇ ਜ਼ਿਆਦਾ ਉੱਨਤੀ ਨਹੀਂ ਹੋਈ। ਪਰ ਪਿਛਲੇ ਕੁਝ ਸਾਲਾਂ ਤੋਂ ਇਸ ਵਰਗ ਦੇ ਨੌਜਵਾਨ ਆਪਣੀ ਜੀਵਨ-ਸ਼ੈਲੀ ਵਿੱਚ ਸੁਧਾਰ ਲਿਆਉਣ ਦੇ ਲਗਾਤਾਰ ਉਪਰਾਲੇ ਕਰ ਰਹੇ ਹਨ। ਕਈ ਨੌਜਵਾਨਾਂ ਨੂੰ ਲਗਦਾ ਹੈ ਕਿ ਸਰਕਾਰੀ ਨੌਕਰੀ ਮਿਲਣ ਨਾਲ ਹੀ ਉਨ੍ਹਾਂ ਦਾ ਦਰਜਾ ਉੱਚਾ ਹੋਵੇਗਾ। ਇਸ ਕਰਕੇ ਉਹ ਪੜ੍ਹਾਈ ਤੇ ਬਹੁਤ ਜ਼ੋਰ ਦਿੰਦੇ ਹਨ ਤਾਂ ਕਿ ਉਹ ਕਿਸੇ ਚੰਗੀ ਯੂਨੀਵਰਸਿਟੀ ਤੋਂ ਡਿਗਰੀ ਲੈ ਸਕਣ ਜਿਸ ਨਾਲ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਜਾਵੇ।

ਕੁਝ ਨੌਜਵਾਨਾਂ ਨੂੰ ਲਗਦਾ ਹੈ ਕਿ ਹਰ ਕੋਈ ਸਰਕਾਰੀ ਨੌਕਰੀ ਲੈਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਪਰ ਸਰਕਾਰੀ ਨੌਕਰੀਆਂ ਮਿਲਣਾ ਆਸਾਨ ਨਹੀਂ ਹੈ ਕਿਉਂਕਿ ਅਜਿਹੀਆਂ ਨੌਕਰੀਆਂ ਬਹੁਤ ਘੱਟ ਹਨ ਅਤੇ ਇਹ ਨੌਕਰੀਆਂ ਸਿਫਾਰਸ਼ ਤੋਂ ਬਿਨਾਂ ਨਹੀਂ ਮਿਲਦੀਆਂ। ਇਸ ਲਈ ਕਈ ਦਲਿਤ ਨੌਜਵਾਨ ਫੌਜ ਵਿੱਚ ਭਰਤੀ ਹੋਣ ਦੀ ਕੋਸ਼ਿਸ਼ ਕਰਦੇ ਹਨ। ਇੱਕ ਨੌਜਵਾਨ ਨੇ ਦੱਸਿਆ, "ਭਾਵੇਂ ਫੌਜ ਦੀਆਂ ਨੌਕਰੀਆਂ ਲਈ ਵੀ ਬਹੁਤ ਦੌੜ ਲੱਗੀ ਹੁੰਦੀ ਹੈ ਪਰ ਇਸ ਵਿੱਚ ਕਿਸੇ ਸਿਫਾਰਸ਼ ਅਤੇ ਡਿਗਰੀ ਦੀ ਲੋੜ ਨਹੀਂ ਪੈਂਦੀ। ਫੌਜ ਵਿੱਚ ਤਰੱਕੀ ਦੇ ਬਹੁਤ ਮੌਕੇ ਮਿਲਦੇ ਹਨ ਅਤੇ ਸਮਾਜ ਵਿੱਚ ਫੌਜੀ ਅਫਸਰ ਦਾ ਰੁਤਬਾ ਵੀ ਉੱਚਾ ਮੰਨਿਆ ਜਾਂਦਾ ਹੈ।"

**ਵਿਕਾਸਸ਼ੀਲ ਦਲਿਤ ਨੌਜਵਾਨ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ। ਤੁਹਾਡਾ ਸਾਰ **90** ਸ਼ਬਦਾਂ ਤੋਂ ਵੱਧ ਨਾ ਹੋਵੇ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ**। ਜਿੱਥੇ ਤੱਕ ਹੋ ਸਕੇ, ਆਪਣੇ ਸ਼ਬਦਾਂ ਵਿੱਚ ਲਿਖੋ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਉ :

- ਦਲਿਤ ਨੌਜਵਾਨਾਂ ਵੱਲੋਂ ਆਪਣੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਦੇ ਉਪਰਾਲੇ (**ਦੋ** ਗੱਲਾਂ ਲਿਖੋ।) **[2 marks]**
- ਸਰਕਾਰੀ ਨੌਕਰੀ ਪ੍ਰਾਪਤ ਕਰਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ (**ਦੋ** ਗੱਲਾਂ ਲਿਖੋ।) **[2 marks]**
- ਫੌਜ ਵਿੱਚ ਭਰਤੀ ਹੋਣ ਦੀਆਂ ਕੋਸ਼ਿਸ਼ਾਂ ਦੇ ਲਾਭ (**ਤਿੰਨ** ਗੱਲਾਂ ਲਿਖੋ।) **[3 marks]**

ਨੋਟ: **ਪੰਜ** ਅੰਕ ਚੰਗੀ ਭਾਸ਼ਾ ਲਈ ਹਨ। ਇਸ ਲਈ **ਜਿੱਥੇ ਤੱਕ ਸੰਭਵ ਹੋ ਸਕੇ, ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।**

**[5 marks]**

*Do not write outside the box*

**Turn over ▶**

*Do not write outside the box*

12

*Do not write outside the box*

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 3** **ਪੰਚਾਇਤੀ ਚੋਣਾਂ**

ਪੰਜਾਬ ਵਿੱਚ ਪੰਚਾਇਤੀ ਚੋਣਾਂ ਬਾਰੇ ਇਹ ਵਾਰਤਾ ਪੜ੍ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਪੰਜ 'ਪੰਚਾਂ' (ਮੈਂਬਰਾਂ) ਨਾਲ ਬਣੀ ਪੰਚਾਇਤ, ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਨਿਯੁਕਤ ਕੀਤੀ ਜਾਂਦੀ ਹੈ। ਪੰਜਾਬ ਵਿੱਚ ਪੰਚਾਇਤਾਂ ਦੀ ਹੋਂਦ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਲੁਧਿਆਣਾ ਜ਼ਿਲੇ ਦੇ ਪਿੰਡ ਮੰਡਿਆਣੀ ਦੇ ਕਾਗਜ਼-ਪੱਤਰ ਦੇਖਦਿਆਂ ਹੋਇਆਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਪੰਚਾਇਤਾਂ ਸੰਨ 1929 ਤੋਂ ਲਗਾਤਾਰ ਕੰਮ ਕਰ ਰਹੀਆਂ ਹਨ। ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਨ 1952 ਵਿੱਚ ਪੰਜਾਬ ਗ੍ਰਾਮ ਪੰਚਾਇਤ ਐਕਟ ਹੋਂਦ ਵਿੱਚ ਆਇਆ। ਉਸ ਸਮੇਂ ਦੇ ਕਾਗਜ਼ਾਂ-ਪੱਤਰਾਂ ਤੋਂ ਪਤਾ ਲੱਗਦਾ ਹੈ ਕਿ ਪਿੰਡ ਦੀ ਆਬਾਦੀ ਮੁਤਾਬਕ ਪੰਚਾਂ ਦੀ ਗਿਣਤੀ 6 ਤੋਂ 13 ਤੱਕ ਵੀ ਹੁੰਦੀ ਸੀ ਪਰ ਪੰਚਾਇਤ ਦੇ ਮੁਖੀ-ਸਰਪੰਚ ਦੀ ਸਿੱਧੀ ਚੋਣ ਪਿੰਡਾਂ ਦੇ ਵੋਟਰ ਲੋਕਤੰਤਰਿਕ ਤਰੀਕੇ ਨਾਲ ਕਰਦੇ ਸਨ।

ਭਾਰਤ ਦੇ ਸੰਵਿਧਾਨ ਵਿੱਚ ਇੱਕ ਸੋਧ ਰਾਹੀਂ ਸੰਨ 1998 ਤੋਂ ਪੰਚਾਇਤੀ ਚੋਣਾਂ ਦਾ ਤਰੀਕਾ ਬਹੁਤ ਬਦਲ ਗਿਆ। ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਕਿਸੇ ਪਿੰਡ ਵਿੱਚ ਜਿੰਨੀ ਦਲਿਤ ਭਾਈਚਾਰੇ ਦੀ ਆਬਾਦੀ ਹੋਵੇਗੀ, ਪੰਚ ਵੀ ਉਸੇ ਹਿਸਾਬ ਨਾਲ ਦਲਿਤ ਭਾਈਚਾਰੇ ਦੇ ਹੋਣਗੇ। ਸਰਪੰਚ ਦੀ ਚੋਣ ਲਈ ਵੀ ਇਸੇ ਤਰ੍ਹਾਂ ਦਾ ਰਾਖਵਾਂਕਰਨ ਲਾਗੂ ਹੋ ਗਿਆ। ਪੰਚਾਇਤ ਵਿੱਚ ਇੱਕ ਤਿਹਾਈ ਹਿੱਸਾ ਇਸਤਰੀਆਂ ਲਈ ਰਾਖਵਾਂ ਕਰ ਦਿੱਤਾ ਗਿਆ।

ਪੰਚਾਇਤੀ ਚੋਣਾਂ ਸਮੇਂ ਪਿੰਡਾਂ ਵਿੱਚ ਰਾਜਨੀਤਕ ਸਰਗਰਮੀਆਂ ਬਹੁਤ ਤੇਜ਼ ਹੋ ਜਾਂਦੀਆਂ ਹਨ। ਸਰਪੰਚ ਅਤੇ ਪੰਚ ਦੇ ਪਦ ਲਈ ਦਾਅਵੇਦਾਰ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੰਦੇ ਹਨ। ਧੜੇਬੰਦੀਆਂ ਅਤੇ ਗੁੱਟਬਾਜ਼ੀਆਂ ਕਾਰਨ ਕਈ ਵਾਰ ਲੜਾਈਆਂ ਹੋ ਜਾਂਦੀਆਂ ਹਨ ਅਤੇ ਦੁਰਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਇਸ ਸਭ ਤੋਂ ਬਚਣ ਲਈ ਕਈ ਪਿੰਡਾਂ ਵਿੱਚ ਸਾਰੀਆਂ ਰਾਜਨੀਤਕ ਧਿਰਾਂ ਆਪਸੀ ਸਹਿਮਤੀ ਨਾਲ ਪਿੰਡ ਦੇ ਕਿਸੇ ਭਰੋਸੇਮੰਦ ਜਾਂ ਧੜੱਲੇਦਾਰ ਵਿਅਕਤੀ ਨੂੰ ਸਰਪੰਚ ਚੁਣ ਲੈਂਦੀਆਂ ਹਨ। ਇਸ ਤਰ੍ਹਾਂ ਵੋਟਾਂ ਵੇਲੇ ਹੋਣ ਵਾਲੀ ਖਿੱਚੋਤਾਣ ਅਤੇ ਲੜਾਈ ਝਗੜਿਆਂ ਤੋਂ ਬਚਾਅ ਹੋ ਜਾਂਦਾ ਹੈ। ਪਿੰਡ ਨੂੰ ਆਪਣੇ ਵਿਕਾਸ ਲਈ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਵਾਲਾ ਸਰਪੰਚ ਮਿਲ ਜਾਂਦਾ ਹੈ।

**0 3 . 1** ਵਾਰਤਾ ਅਨੁਸਾਰ, ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਚਾਇਤੀ ਚੋਣਾਂ ਬਾਰੇ ਕੀ ਜਾਣਕਾਰੀ ਮਿਲਦੀ ਹੈ? **ਦੋ** ਗੱਲਾਂ ਲਿਖੋ।

**[2 marks]**

Do not write outside the box

**0 3 . 2** ਰਾਖਵਾਂਕਰਨ ਦੀ ਨੀਤੀ ਨਾਲ ਪੰਚਾਇਤੀ ਚੋਣਾਂ ਵਿੱਚ ਕੀ ਤਬਦੀਲੀਆਂ ਆਈਆਂ ਹਨ ? **ਦੋ** ਗੱਲਾਂ ਲਿਖੋ ।

**[2 marks]**

____________________________________________

____________________________________________

____________________________________________

____________________________________________

**0 3 . 3** ਪੰਚਾਇਤੀ ਚੋਣਾਂ ਵੇਲੇ ਪਿੰਡਾਂ ਵਿੱਚ ਕਿਸ ਤਰ੍ਹਾਂ ਦਾ ਮਾਹੌਲ ਦੇਖਣ ਨੂੰ ਮਿਲਦਾ ਹੈ ?

**[1 mark]**

____________________________________________

____________________________________________

**0 3 . 4** ਪੰਚਾਇਤੀ ਚੋਣਾਂ ਸਮੇਂ ਬੇਲੋੜੀ ਸਿਰਦਰਦੀ ਤੋਂ ਬਚਣ ਲਈ ਰਾਜਨੀਤਿਕ ਪਾਰਟੀਆਂ ਵੱਲੋਂ ਕੀਤੇ ਗਏ ਉਪਰਾਲਿਆਂ ਦੇ ਕੀ ਲਾਭ ਹੁੰਦੇ ਹਨ ? **ਦੋ** ਗੱਲਾਂ ਲਿਖੋ ।

**[2 marks]**

____________________________________________

____________________________________________

____________________________________________

____________________________________________

7

**Turn over for the next question**

Do not write outside the box

**0 4** **ਕਿਲ੍ਹਾ ਰਾਇਪੁਰ ਦੀਆਂ ਖੇਡਾਂ**

ਪੰਜਾਬ ਵਿੱਚ ਹੋਣ ਵਾਲੀਆਂ ਕਿਲ੍ਹਾ ਰਾਇਪੁਰ ਦੀਆਂ ਖੇਡਾਂ ਬਾਰੇ ਇਹ ਜਾਣਕਾਰੀ ਪੜ੍ਹੋ । ਜਾਣਕਾਰੀ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ ।

ਸੰਨ 1933 ਵਿੱਚ ਸਰਦਾਰ ਇੰਦਰ ਸਿੰਘ ਗਰੇਵਾਲ ਅਤੇ ਉਨ੍ਹਾਂ ਦੇ ਸੂਝਵਾਨ ਅਤੇ ਪੜ੍ਹੇ-ਲਿਖੇ ਸਾਥੀਆਂ ਨੇ ਪੰਜਾਬ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਚੰਗੇ ਪਾਸੇ ਲਾਉਣ ਲਈ ਕਿਲ੍ਹਾ ਰਾਇਪੁਰ ਦੀਆਂ ਪੇਂਡੂ ਖੇਡਾਂ ਸ਼ੁਰੂ ਕਰਵਾਈਆਂ । ਪਹਿਲੇ ਸਾਲ, ਇੱਕ ਹਾਕੀ ਟੂਰਨਾਮੈਂਟ ਕਰਵਾਇਆ ਗਿਆ । ਜੇਤੂ ਟੀਮ ਨੂੰ ਇਨਾਮ ਵਿੱਚ ਇੱਕ ਛੋਟਾ ਜਿਹਾ ਜਿਸਤੀ ਕੱਪ ਦਿੱਤਾ ਗਿਆ । ਕੁਝ ਸਾਲਾਂ ਬਾਅਦ ਹਾਕੀ ਪ੍ਰੇਮੀ ਪ੍ਰਹਿਲਾਦ ਸਿੰਘ ਨੇ ਆਪਣੇ ਪੁੱਤਰ ਦੀ ਯਾਦ ਵਿੱਚ ਹਾਕੀ ਦੀ ਜੇਤੂ ਟੀਮ ਲਈ 100 ਤੋਲੇ ਦਾ ਸੋਨੇ ਦਾ ਕੱਪ ਬਣਵਾਇਆ । ਇਸ ਤੋਂ ਬਾਅਦ ਸਾਲਾਨਾ ਇਹ ਸੋਨੇ ਦਾ ਕੱਪ ਜਿੱਤਣਾ ਹਾਕੀ ਟੀਮਾਂ ਲਈ ਬਹੁਤ ਵੱਡੀ ਕਸ਼ਿਸ਼ ਦਾ ਕਾਰਨ ਬਣ ਗਿਆ ।

ਦੂਜੇ ਸਾਲ ਤੋਂ ਖੇਡਾਂ ਵਿੱਚ ਬੈਲ ਗੱਡੀਆਂ ਦੀ ਦੌੜ ਸ਼ਾਮਲ ਕੀਤੀ ਗਈ ਜੋ ਕਿ ਇਨ੍ਹਾਂ ਖੇਡਾਂ ਦੀ ਵਿਸ਼ੇਸ਼ ਖਿੱਚ ਬਣ ਗਈ । ਹੌਲੀ-ਹੌਲੀ ਇਸ ਖੇਡ ਮੇਲੇ ਵਿੱਚ ਕਈ ਹੋਰ ਖੇਡਾਂ ਵੀ ਸ਼ਾਮਲ ਹੋਈਆਂ, ਜਿਵੇਂ ਕਿ ਦੌੜਾਂ ਦੇ ਮੁਕਾਬਲੇ, ਵਾਲੀਬਾਲ, ਸਾਈਕਲ ਰੇਸ, ਕਬੱਡੀ ਅਤੇ ਸ਼ਕਤੀ ਪ੍ਰਦਰਸ਼ਨ ਦੇ ਮੁਕਾਬਲੇ, ਜਿਵੇਂ ਕਿ ਦੰਦਾਂ ਨਾਲ ਟ੍ਰੈਕਟਰ ਖਿੱਚਣਾ । ਕੁਝ ਹੀ ਸਾਲਾਂ ਵਿੱਚ ਇਸ ਨੂੰ 'ਮਿੰਨੀ ਉਲੰਪਿਕ' ਕਿਹਾ ਜਾਣ ਲੱਗਿਆ । ਇਹ ਭਾਰਤ ਦਾ ਸਭ ਤੋਂ ਵੱਡਾ ਪੇਂਡੂ ਖੇਡ ਮੇਲਾ ਹੈ । ਸੰਨ 2023 ਵਿੱਚ 83ਵੀਆਂ ਖੇਡਾਂ ਹੋਈਆਂ ਜਿਸ ਵਿੱਚ ਸੱਤ ਸਾਲ ਦੀ ਉਮਰ ਤੋਂ ਲੈ ਕੇ ਨੱਬੇ ਸਾਲ ਦੇ 3000 ਖਿਡਾਰੀਆਂ ਨੇ ਹਿੱਸਾ ਲਿਆ ।

ਸੰਨ 2012 ਵਿੱਚ ਬੈਲ ਗੱਡੀਆਂ ਦੀ ਦੌੜ ਤੇ ਪਾਬੰਦੀ ਲਗਾ ਦਿੱਤੀ ਗਈ ਜਦੋਂ ਇਹ ਗੱਲ ਪੱਕੇ ਤੌਰ ਤੇ ਸਾਹਮਣੇ ਆਈ ਕਿ ਜਿੱਤ ਦੀ ਖਾਤਰ ਕਈ ਬੈਲ ਗੱਡੀ ਚਾਲਕ ਆਪਣੇ ਬਲਦਾਂ ਨੂੰ ਦੌੜ ਤੋਂ ਪਹਿਲਾਂ ਭੰਗ ਜਾਂ ਸ਼ਰਾਬ ਪਿਲਾ ਦਿੰਦੇ ਸਨ । ਕਈ ਤਾਂ ਬਲਦਾਂ ਨੂੰ ਹਾਨੀਕਾਰਕ ਟੀਕੇ ਲਗਾ ਦਿੰਦੇ ਸਨ ਤਾਂ ਕਿ ਬਲਦ ਜੋਸ਼ ਵਿੱਚ ਆ ਜਾਣ ਅਤੇ ਜ਼ਿਆਦਾ ਤੇਜ਼ ਦੌੜ ਸਕਣ । ਕੁਝ ਗੱਡੀ ਚਾਲਕ ਤਾਂ ਆਪਣੇ ਹੱਥ ਵਿੱਚ ਫੜੀ ਸੋਟੀ ਦੇ ਅੱਗੇ ਡੇਢ-ਕੁ ਇੰਚ ਲੰਬੀ ਮੇਖ ਲਗਾਉਂਦੇ ਸਨ ਜਿਸ ਨਾਲ ਬਲਦ ਲਹੂ-ਲੁਹਾਨ ਹੋ ਜਾਂਦੇ ਸਨ ।

Do not write outside the box

**0 4 . 1** ਵਾਰਤਾ ਤੋਂ ਕਿਲ੍ਹਾ ਰਾਇਪੁਰ ਦੀਆਂ ਖੇਡਾਂ ਦੀ ਆਰੰਭਤਾ ਬਾਰੇ ਕੀ ਜਾਣਕਾਰੀ ਮਿਲਦੀ ਹੈ ?
**ਦੋ** ਗੱਲਾਂ ਲਿਖੋ ।

**[2 marks]**

______________________________________________________________________

______________________________________________________________________

______________________________________________________________________

______________________________________________________________________

**0 4 . 2** ਹਾਕੀ ਖੇਡਣ ਵਾਲੀਆਂ ਟੀਮਾਂ ਨੂੰ ਇਸ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਦੀ ਖਿੱਚ ਕਿਉਂ ਹੁੰਦੀ ਸੀ ?

**[1 mark]**

______________________________________________________________________

______________________________________________________________________

**0 4 . 3** ਕਿਲ੍ਹਾ ਰਾਇਪੁਰ ਦੀਆਂ ਖੇਡਾਂ ਦੀ ਤੁਲਨਾ ਉਲੰਪਿਕ ਖੇਡਾਂ ਨਾਲ ਕਿਉਂ ਕੀਤੀ ਗਈ ਹੈ ?

**[1 mark]**

______________________________________________________________________

______________________________________________________________________

**0 4 . 4** ਵਾਰਤਾ ਤੋਂ ਸੰਨ 2023 ਵਿੱਚ ਹੋਏ ਖੇਡ ਮੇਲੇ ਬਾਰੇ ਕੀ ਜਾਣਕਾਰੀ ਮਿਲਦੀ ਹੈ ?

**[1 mark]**

______________________________________________________________________

______________________________________________________________________

**0 4 . 5** ਕਿਲ੍ਹਾ ਰਾਇਪੁਰ ਦੀਆਂ ਖੇਡਾਂ ਵਿੱਚ ਪਸ਼ੂਆਂ ਤੇ ਹੁੰਦੀ ਬੇਰਹਿਮੀ ਬਾਰੇ ਕੀ ਜਾਣਕਾਰੀ ਮਿਲਦੀ ਹੈ ?
**ਤਿੰਨ** ਗੱਲਾਂ ਲਿਖੋ ।

**[3 marks]**

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

8

**Turn over ▶**

Do not write outside the box

**0 5** 

## ਪਿੰਡ ਪਲਾਹੀ

ਪਿੰਡ ਪਲਾਹੀ ਦੇ ਵਿਕਾਸ ਵਿੱਚ ਪ੍ਰਵਾਸੀ ਪੰਜਾਬੀਆਂ ਦੇ ਯੋਗਦਾਨ ਬਾਰੇ ਇੱਕ ਲੇਖ ਦਾ ਇਹ ਅੰਸ਼ ਪੜ੍ਹੋ।

Translate the passage into English.

ਫਗਵਾੜਾ ਦੇ ਨਜ਼ਦੀਕ ਸਥਿਤ, ਪਲਾਹੀ ਪੰਜਾਬ ਦਾ ਇੱਕ ਆਧੁਨਿਕ ਪਿੰਡ ਹੈ। ਉੱਥੇ ਰਹਿਣ ਦਾ ਪੱਧਰ ਅਤੇ ਸਹੂਲਤਾਂ ਵਿਦੇਸ਼ਾਂ ਵਰਗੀਆਂ ਹਨ। ਉੱਥੋਂ ਪ੍ਰਵਾਸ ਕਰਨ ਤੋਂ ਬਾਅਦ ਸਮਾਜ ਸੇਵਕ ਸਰਦਾਰ ਜਗਤ ਸਿੰਘ ਪਲਾਹੀ ਅਤੇ ਵਿਦੇਸ਼ ਵਿੱਚ ਰਹਿੰਦੇ ਵੀਰਾਂ ਨੇ, ਪੈਸੇ ਭੇਜ ਕੇ, ਪਿੰਡ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉੱਥੇ ਇੱਕ ਪੌਲੀਟੈਕਨਿਕ ਹੈ ਜਿੱਥੋਂ ਹਜ਼ਾਰਾਂ ਨੌਜਵਾਨ, ਤਕਨੀਕੀ ਸਿੱਖਿਆ ਲੈ ਕੇ, ਚੰਗੀਆਂ ਤਨਖਾਹਾਂ ਵਾਲੀਆਂ ਨੌਕਰੀਆਂ ਕਰ ਰਹੇ ਹਨ। ਪਲਾਹੀ ਵਿਖੇ ਇੱਕ ਸ਼ਾਨਦਾਰ ਲਾਇਬ੍ਰੇਰੀ, ਦੋ ਬੈਂਕ ਅਤੇ ਤਿੰਨ ਸਕੂਲ ਹਨ। ਉੱਥੇ ਦੀਆਂ ਸੜਕਾਂ ਤੇ, ਸੂਰਜ ਦੀ ਰੌਸ਼ਨੀ ਨਾਲ ਚੱਲਣ ਵਾਲੀਆਂ ਲਾਈਟਾਂ ਲੱਗੀਆਂ ਹੋਈਆਂ ਹਨ। ਉਹ ਪੰਜਾਬ ਦਾ ਪਹਿਲਾ ਪਿੰਡ ਸੀ ਜਿੱਥੇ ਇੰਟਰਨੈਟ ਕੁਨੈਕਸ਼ਨ ਸ਼ੁਰੂ ਹੋਇਆ ਸੀ।

**[10 marks]**

Do not write outside the box

10

**END OF SECTION A**

**Turn over for the next section**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **The role of women in Panjabi society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

Do not write outside the box

**0 6** **The role of women in Panjabi society**

**ਪਰਿਵਾਰਾਂ ਵਿੱਚ ਔਰਤਾਂ ਦੀ ਭੂਮਿਕਾ**

ਪਹਿਲਾਂ ਪੰਜਾਬੀ ਪਰਿਵਾਰਾਂ ਵਿੱਚ ਔਰਤਾਂ ਦੀ ਭੂਮਿਕਾ ਘਰ ਸੰਭਾਲਣਾ ਅਤੇ ਬੱਚਿਆਂ ਦੀ ਦੇਖਭਾਲ ਕਰਨਾ ਸੀ, ਜਦੋਂ ਕਿ ਮਰਦਾਂ ਦੀ ਭੂਮਿਕਾ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਣਾ ਸੀ। ਪੰਜਾਬੀ ਔਰਤਾਂ ਦੀ ਸਿੱਖਿਆ ਤੱਕ ਪਹੁੰਚ ਨੇ ਉਨ੍ਹਾਂ ਨੂੰ ਇੱਕ ਨਵੀਂ ਸੇਧ ਦਿੱਤੀ ਹੈ, ਔਰਤਾਂ ਦੀ ਪੜ੍ਹਾਈ-ਲਿਖਾਈ ਦੀ ਦਰ ਜਿਹੜੀ ਸੰਨ 2001 ਵਿੱਚ 50.2% ਸੀ, ਸੰਨ 2011 ਵਿੱਚ ਵੱਧ ਕੇ 63.5% ਹੋ ਗਈ। ਪੜ੍ਹਨ-ਲਿਖਣ ਨਾਲ ਆਈ ਸੋਝੀ ਨੇ ਔਰਤ ਨੂੰ ਰਵਾਇਤੀ ਭੂਮਿਕਾ ਨੂੰ ਚੁਣੌਤੀ ਦੇਣ ਦਾ ਬਲ ਹੀ ਨਹੀਂ ਦਿੱਤਾ ਸਗੋਂ ਉਸ ਦੇ ਬੌਧਿਕ ਵਿਕਾਸ ਨੂੰ ਵੀ ਉਤਸ਼ਾਹਿਤ ਕੀਤਾ। ਹੁਣ ਇਸ ਖੇਤਰ ਵਿੱਚ ਔਰਤਾਂ ਨੇ ਮਰਦਾਂ ਨੂੰ ਪਿਛਾੜ ਕੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ ਜਿਸ ਕਰਕੇ ਪੰਜਾਬੀ ਪਰਿਵਾਰਾਂ ਵਿੱਚ ਮਰਦਾਂ ਦੀ ਸਰਦਾਰੀ ਘਟਦੀ ਨਜ਼ਰ ਆਉਂਦੀ ਹੈ।

ਸੰਨ 1981 ਵਿੱਚ ਔਰਤਾਂ ਦੀ ਕੰਮ ਵਿੱਚ ਹਿੱਸਾ ਲੈਣ ਦੀ ਦਰ 14.7% ਸੀ ਜਿਹੜੀ ਸੰਨ 2011 ਵਿੱਚ ਵੱਧ ਕੇ 19.5% ਹੋ ਗਈ। ਜਿਸ ਦੇ ਨਾਲ ਪਰਿਵਾਰਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋਣਾ ਸ਼ੁਰੂ ਹੋਇਆ ਅਤੇ ਇਕੱਲੇ ਮਰਦਾਂ ਦੀ ਕਮਾਈ ਤੇ ਨਿਰਭਰਤਾ ਵੀ ਘਟੀ। ਔਰਤਾਂ ਦੀ ਪਰਿਵਾਰ ਵਿੱਚ ਬਦਲੀ ਹੋਈ ਭੂਮਿਕਾ ਨੇ ਪਰਿਵਾਰ ਵਿੱਚ ਫੈਸਲੇ ਲੈਣ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸੰਨ 1995 ਦੇ ਅੰਕੜਿਆਂ ਅਨੁਸਾਰ, ਮਹੱਤਵਪੂਰਣ ਘਰੇਲੂ ਪਰਿਵਾਰਕ ਫੈਸਲੇ ਲੈਣ ਵਿੱਚ 80% ਔਰਤਾਂ ਨੇ ਹਿੱਸਾ ਲਿਆ। ਜਦੋਂ ਕਿ ਪੁਰਾਣੇ ਸਮਿਆਂ ਵਿੱਚ, ਅਜਿਹੇ ਫੈਸਲੇ ਘਰ ਦੇ ਵੱਡੇ-ਵਡੇਰੇ ਲੈਂਦੇ ਸਨ ਅਤੇ ਔਰਤਾਂ ਕੋਲੋਂ ਸਲਾਹ ਲੈਣਾ ਵੀ ਜ਼ਰੂਰੀ ਨਹੀਂ ਸਮਝਿਆ ਜਾਂਦਾ ਸੀ।

ਔਰਤਾਂ ਦੀ ਪਰਿਵਾਰ ਵਿੱਚ ਚੁਣੌਤੀ-ਪੂਰਨ ਭੂਮਿਕਾ ਹੋਣ ਕਰਕੇ ਪੰਜਾਬੀ ਸੰਯੁਕਤ ਪਰਿਵਾਰ ਖਤਮ ਹੁੰਦੇ ਜਾ ਰਹੇ ਹਨ। ਨਵੇਂ ਪਰਿਵਾਰਕ ਮਾਡਲ ਵਿੱਚ ਪਤੀ, ਪਤਨੀ ਅਤੇ ਬੱਚਿਆਂ ਨੂੰ ਵਧੇਰੇ ਪਹਿਲ ਦਿੱਤੀ ਜਾਂਦੀ ਹੈ, ਜਿਸ ਵਿੱਚ ਪਰਿਵਾਰ ਦੇ ਹੋਰ ਮੈਂਬਰਾਂ ਲਈ ਰਵਾਇਤੀ ਮਾਡਲ ਦੀ ਤਰ੍ਹਾਂ ਕੋਈ ਵਿਸ਼ੇਸ਼ ਥਾਂ ਨਹੀਂ ਹੁੰਦੀ। ਪੰਜਾਬੀ ਪਰਿਵਾਰਾਂ ਵਿੱਚ ਔਰਤਾਂ ਦੀ ਭੂਮਿਕਾ ਵਿੱਚ ਆਈਆਂ ਤਬਦੀਲੀਆਂ ਨੇ ਪਰਿਵਾਰ ਵਿੱਚ ਮਰਦਾਂ ਦੀ ਭੂਮਿਕਾ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਪੰਜਾਬੀ ਮਰਦਾਂ ਨੂੰ ਔਰਤ ਦੀ ਸਮਾਜ ਵਿੱਚ ਬਦਲਦੀ ਭੂਮਿਕਾ ਦੇ ਅਨੁਕੂਲ ਬਣਨਾ ਪਵੇਗਾ ਅਤੇ ਮੁੰਡੇ-ਕੁੜੀ ਦੀ ਬਰਾਬਰਤਾ ਮੰਨਣ ਵਿੱਚ ਆਈ ਤਬਦੀਲੀ ਨੂੰ ਖਿੜੇ ਮੱਥੇ ਸਵੀਕਾਰਨਾ ਹੋਵੇਗਾ।

Do not write outside the box

**0 6** ਪੰਜਾਬੀ ਵੈੱਬਸਾਈਟ ਤੋਂ ਪਰਿਵਾਰ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਇਹ ਪਤਾ ਲਗਾਉਣ ਲਈ ਕਿ ਪੰਜਾਬੀ ਪਰਿਵਾਰਾਂ ਵਿੱਚ ਔਰਤਾਂ ਦੀ ਭੂਮਿਕਾ ਨੇ ਮਰਦਾਂ ਦੀ ਭੂਮਿਕਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਪੰਜਾਬੀ ਪਰਿਵਾਰਾਂ ਵਿੱਚ ਔਰਤਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ ।

**[40 marks]**

**Turn over ▶**

Do not write outside the box

Do not write outside the box

40

**Turn over for Question 7**

Do not write outside the box

**0 7** **Social issues in the Punjab**

**ਸਮਾਜ ਤੇ ਗਰੀਬੀ ਦਾ ਪ੍ਰਭਾਵ**

ਵਿਸ਼ਵ ਬੈਂਕ ਦੀ ਇੱਕ ਰਿਪੋਰਟ ਦੇ ਅਨੁਸਾਰ, ਪੰਜਾਬ ਭਾਰਤ ਦੇ ਅਮੀਰ ਰਾਜਾਂ ਵਿੱਚੋਂ ਇੱਕ ਹੈ, ਜਿਸ ਦੀ ਸਿਰਫ 8% ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ। ਪਰ ਪਿਛਲੇ ਪੰਦਰਾਂ ਸਾਲਾਂ ਵਿੱਚ ਪੰਜਾਬ ਦੀ ਆਰਥਿਕ ਵਿਕਾਸ ਦਰ ਹੌਲੀ ਹੋ ਗਈ ਹੈ ਅਤੇ ਇਹ ਹਰ ਸਾਲ ਸਿਰਫ 1% ਦੀ ਦਰ ਨਾਲ ਵਧ ਰਹੀ ਹੈ, ਜਿਹੜੀ ਕਿ ਰਾਸ਼ਟਰੀ ਔਸਤ ਦਰ ਨਾਲੋਂ ਕਾਫੀ ਘੱਟ ਹੈ। ਇਸ ਨਾਲ 5,500 ਰੁਪਏ ਪ੍ਰਤੀ ਮਹੀਨੇ ਤੋਂ ਵੀ ਘੱਟ ਖਰਚ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਗਰੀਬੀ ਦਾ ਪੰਜਾਬ ਦੇ ਸਮਾਜ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ।

ਇਹ ਨੋਟ ਕਰਨਾ ਵੀ ਮਹੱਤਵਪੂਰਣ ਹੈ ਕਿ ਭਾਰਤ ਵਿੱਚ ਪੰਜਾਬ ਹੀ ਅਜਿਹਾ ਇੱਕ ਰਾਜ ਹੈ ਜਿਸ ਵਿੱਚ ਪੇਂਡੂ ਗਰੀਬੀ ਦੀ ਦਰ ਨਾਲੋਂ ਸ਼ਹਿਰੀ ਗਰੀਬੀ ਦੀ ਦਰ ਉੱਚੀ ਹੈ। ਇਹ ਤੱਥ, ਪੰਜਾਬ ਵਿੱਚ ਸ਼ਹਿਰੀ ਖੇਤਰਾਂ ਤੇ ਧਿਆਨ ਦੇਣ ਦੇ ਯਤਨਾਂ ਦੀ ਮਹੱਤਤਾ ਵੱਲ ਸੰਕੇਤ ਕਰਦਾ ਹੈ।

ਪੰਜਾਬ ਦੇ ਸਮਾਜ ਉੱਤੇ ਗਰੀਬੀ ਦਾ ਪ੍ਰਭਾਵ ਬਹੁਪੱਖੀ ਹੈ। ਗਰੀਬੀ ਕਰਕੇ ਲੋਕਾਂ ਦੀਆਂ ਭੋਜਨ, ਪਾਣੀ ਅਤੇ ਸਿਹਤ ਸੰਭਾਲ ਵਰਗੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਜਿਸ ਦੇ ਨਤੀਜੇ ਵਜੋਂ, ਕੁਪੋਸ਼ਣ, ਬਿਮਾਰੀਆਂ ਅਤੇ ਲੋਕਾਂ ਦੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਗਰੀਬੀ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਤੱਕ ਪਹੁੰਚ ਦੀ ਘਾਟ ਦਾ ਕਾਰਨ ਵੀ ਬਣਦੀ ਹੈ, ਜਿਸ ਕਰਕੇ ਲੋਕ ਪੀੜ੍ਹੀ ਦਰ ਪੀੜ੍ਹੀ ਗਰੀਬੀ ਦੇ ਭੈੜੇ ਚੱਕਰ ਵਿੱਚ ਫਸ ਜਾਂਦੇ ਹਨ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਇਸ ਤੋਂ ਇਲਾਵਾ, ਗਰੀਬੀ ਸਮਾਜਿਕ ਬੇਦਖਲੀ ਅਤੇ ਅਪਮਾਨਿਤ ਤੇ ਬਰਾਬਰ ਦੇ ਮੌਕਿਆਂ ਤੋਂ ਵਾਂਝੇ ਲੋਕਾਂ ਵਿੱਚ ਵਾਧਾ ਕਰ ਸਕਦੀ ਹੈ, ਜੋ ਕਿ ਵਿਅਕਤੀਆਂ ਅਤੇ ਭਾਈਚਾਰਿਆਂ ਲਈ ਕਾਫੀ ਬੁਰਾ ਪ੍ਰਭਾਵ ਹੋ ਸਕਦਾ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬੀ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਵਾਲੀਆਂ ਨੀਤੀਆਂ ਅਪਣਾਵੇ ਅਤੇ ਉਨ੍ਹਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰੇ ਜੋ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।

Do not write outside the box

**0 7** ਪੰਜਾਬੀ ਵੈੱਬਸਾਈਟ ਤੋਂ ਸਮਾਜ ਤੇ ਗਰੀਬੀ ਦੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬੀ ਸਮਾਜ ਤੇ ਗਰੀਬੀ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ । ਸੁਝਾਅ ਦਿਉ ਕਿ ਸਰਕਾਰ ਪੰਜਾਬੀ ਸਮਾਜ ਵਿੱਚੋਂ ਗਰੀਬੀ ਦੂਰ ਕਰਨ ਲਈ ਕਿਹੜੇ ਕਦਮ ਉਠਾ ਸਕਦੀ ਹੈ ।

**[40 marks]**

*Do not write outside the box*

Do not write outside the box

40

**Turn over for Question 8**

Do not write outside the box

**0 8** **Tourism in the Punjab**

**ਪੰਜਾਬ ਦੇ ਸੈਰ-ਸਪਾਟੇ ਦੇ ਢਾਂਚੇ ਦਾ ਵਿਕਾਸ**

ਪਿਛਲੇ ਦਹਾਕੇ ਦੌਰਾਨ, ਪੰਜਾਬ ਨੇ ਸੈਰ-ਸਪਾਟੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਾਫੀ ਨਿਵੇਸ਼ ਕੀਤਾ ਹੈ, ਜਿਸ ਵਿੱਚ ਆਵਾਜਾਈ, ਰਿਹਾਇਸ਼ ਅਤੇ ਮਨੋਰੰਜਨ ਦਾ ਵਿਕਾਸ ਸ਼ਾਮਲ ਹੈ। ਪੰਜਾਬ ਸਰਕਾਰ ਨੇ ਇਸ ਕੰਮ ਨੂੰ ਸਿਰੇ ਚੜ੍ਹਾਉਣ ਵਾਸਤੇ 2021–22 ਦੇ ਵਿੱਤੀ ਬੱਜਟ ਵਿੱਚ ਅਗਲੇ ਤਿੰਨਾਂ ਸਾਲਾਂ ਲਈ 3780 ਕਰੋੜ ਰੁਪਏ ਰਾਖਵੇਂ ਰੱਖੇ ਸਨ ਜਿਸ ਵਿੱਚੋਂ 1104 ਕਰੋੜ ਰੁਪਏ 2021–22 ਵਿੱਚ ਖਰਚ ਕਰਨ ਦਾ ਟੀਚਾ ਮਿਥਿਆ ਸੀ।

ਵਿਸ਼ਵ ਬੈਂਕ ਦੇ ਅਨੁਸਾਰ, ਪੰਜਾਬ ਸਰਕਾਰ ਨੇ ‘ਪੰਜਾਬ ਟੂਰਿਜ਼ਮ ਫਾਰ ਇਕਨਾਮਿਕ ਗਰੋਥ ਪ੍ਰੋਜੈਕਟ’ ਸ਼ੁਰੂ ਕੀਤਾ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਵਿਰਾਸਤੀ ਅਤੇ ਸਭਿਆਚਾਰਕ ਸੈਰ-ਸਪਾਟੇ ਵਾਲੇ ਖੇਤਰਾਂ ਤੇ ਧਿਆਨ ਕੇਂਦਰਿਤ ਕਰਨਾ ਅਤੇ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਸੈਰ-ਸਪਾਟੇ ਵਿੱਚ ਨਿੱਜੀ ਖੇਤਰ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਹੈ। ਇਸ ਪ੍ਰੋਜੈਕਟ ਨਾਲ ਅਗਲੇ ਕੁਝ ਸਾਲਾਂ ਵਿੱਚ ਅੰਤਰ-ਰਾਸ਼ਟਰੀ ਸੈਰ-ਸਪਾਟੇ ਦੇ ਯੋਗਦਾਨ ਵਿੱਚ ਲਗਭਗ ਪੰਜ ਗੁਣਾ ਵਾਧਾ ਹੋਣ ਦੀ ਉਮੀਦ ਹੈ। ਨਵੇਂ ਹੋਟਲ ਅਤੇ ਸੈਰਗਾਹਾਂ ਦੇ ਬਣਨ ਨਾਲ ਸੈਲਾਨੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ ਜੋ ਕਿ ਬੁਨਿਆਦੀ ਢਾਂਚੇ ਵਿੱਚ ਹੋਏ ਵਿਕਾਸ ਦੇ ਚੰਗੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਵਰਗੇ ਪ੍ਰਮੁੱਖ ਹਵਾਈ ਅੱਡਿਆਂ ਦੇ ਵਿਸਥਾਰ ਨੇ ਹਵਾਈ ਸੰਪਰਕ ਬਣਾਉਣ ਵਿੱਚ ਮਹੱਤਵਪੂਰਣ ਵਾਧਾ ਕੀਤਾ ਹੈ। ਦੀ ਟ੍ਰਿਬਿਊਨ ਇੰਡੀਆ ਅਖਬਾਰ ਦੇ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਦੇ ਵਿਸਥਾਰ ਤੋਂ ਬਾਅਦ 2021 ਦੇ ਮੁਕਾਬਲੇ 2022 ਵਿੱਚ ਇਸ ਹਵਾਈ ਅੱਡੇ ਦੀ ਵਰਤੋਂ ਕਰਨ ਵਾਲੇ ਯਾਤਰੀਆਂ ਦੀ ਗਿਣਤੀ ਵਿੱਚ 69.39% ਵਾਧਾ ਹੋਇਆ ਸੀ।

ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੇ ਡਿਜੀਟਲ ਪਲੇਟਫਾਰਮਾਂ ਅਤੇ ਸੂਚਨਾ ਪ੍ਰਣਾਲੀਆਂ ਨੂੰ ਲਾਗੂ ਕੀਤਾ ਹੈ, ਜਿਸ ਕਰਕੇ ਔਨਲਾਈਨ ਬੁਕਿੰਗਾਂ ਅਤੇ ਵਰਚੂਅਲ ਟੂਰਾਂ ਵਿੱਚ ਮਹੱਤਵਪੂਰਣ ਵਾਧਾ ਦੇਖਿਆ ਗਿਆ ਹੈ। ਭਾਵੇਂ ਪੰਜਾਬ ਸਰਕਾਰ ਨੇ ਸੈਰ-ਸਪਾਟੇ ਦੇ ਵਿਕਾਸ ਲਈ ਕੁਝ ਚੰਗੇ ਕਦਮ ਉਠਾਏ ਹਨ ਪਰ ਹਾਲੇ ਵੀ ਇਸ ਨੂੰ ਹੋਰ ਵਧਾਉਣ ਲਈ ਕੁਝ ਅਹਿਮ ਉਪਰਾਲੇ ਕਰਨ ਦੀ ਜ਼ਰੂਰਤ ਹੈ।

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਪੰਜਾਬ ਦੇ ਸੈਰ-ਸਪਾਟੇ ਦੇ ਢਾਂਚੇ ਦੇ ਵਿਕਾਸ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬ ਵਿੱਚ ਸੈਰ-ਸਪਾਟੇ ਦੇ ਵਿਕਾਸ ਲਈ ਕੀਤੇ ਗਏ ਯਤਨਾਂ ਦਾ ਵਿਸ਼ਲੇਸ਼ਣ ਕਰੋ। ਸੁਝਾਅ ਦਿਉ ਕਿ ਪੰਜਾਬ ਵਿੱਚ ਸੈਰ-ਸਪਾਟੇ ਦੇ ਵਿਕਾਸ ਵਿੱਚ ਹੋਰ ਸੁਧਾਰ ਕਿਵੇਂ ਲਿਆਂਦਾ ਜਾ ਸਕਦਾ ਹੈ।

**[40 marks]**

**Turn over ▶**

*Do not write outside the box*

Do not write outside the box

40

**Turn over for Question 9**

Do not write outside the box

**0 9** **Partition of the Punjab in 1947**

**ਪੰਜਾਬ ਦੀ ਵੰਡ ਦਾ ਪਿਛੋਕੜ**

1947 ਵਿੱਚ ਪੰਜਾਬ ਦੀ ਵੰਡ, ਬ੍ਰਿਟਿਸ਼ ਇੰਡੀਆ ਦੀ ਇੱਕ ਵੱਡੀ ਵੰਡ ਦਾ ਨਤੀਜਾ ਸੀ, ਜਿਸ ਨਾਲ ਭਾਰਤ ਅਤੇ ਪਾਕਿਸਤਾਨ ਦੀ ਸਿਰਜਣਾ ਹੋਈ। ਪੰਜਾਬ ਦੀ ਵੰਡ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਪੈਦਾ ਹੋਏ ਮਤਭੇਦ ਦੇ ਮੁੱਖ ਕਾਰਨ ਧਾਰਮਿਕ ਅਤੇ ਰਾਜਨੀਤਕ ਸਨ। ਪੰਜਾਬ ਵਿੱਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਵੱਡੀ ਆਬਾਦੀ ਸੀ। ਵੰਡ ਜ਼ਿਆਦਾਤਰ ਧਾਰਮਿਕ ਲੀਹਾਂ ਤੇ ਆਧਾਰਿਤ ਸੀ, ਜਿਸ ਦਾ ਉਦੇਸ਼ ਭਾਰਤ ਵਿੱਚ ਹਿੰਦੂਆਂ ਅਤੇ ਸਿੱਖਾਂ ਅਤੇ ਪਾਕਿਸਤਾਨ ਵਿੱਚ ਮੁਸਲਮਾਨਾਂ ਲਈ ਵੱਖੋ-ਵੱਖਰੀਆਂ ਕੌਮਾਂ ਦੇ ਰਹਿਣ ਲਈ ਪ੍ਰਬੰਧ ਕਰਨਾ ਸੀ। ਇਸ ਧਾਰਮਿਕ ਵੰਡ ਨੇ ਇਕੱਲੇ ਤਣਾਅ ਨੂੰ ਹੀ ਨਹੀਂ ਵਧਾਇਆ ਸਗੋਂ ਫਿਰਕੂ ਹਿੰਸਾ ਨੂੰ ਵੀ ਜਨਮ ਦਿੱਤਾ।

ਇੱਕ ਵੱਖਰੇ ਮੁਸਲਿਮ ਰਾਜ ਜਾਂ ਪਾਕਿਸਤਾਨ ਦੀ ਮੰਗ ਰਾਜਨੀਤਕ ਇੱਛਾਵਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਬਾਰੇ ਚਿੰਤਾਵਾਂ ਕਰਕੇ ਹੋਈ। ਮਿਸਟਰ ਮੁਹੰਮਦ ਅਲੀ ਜਿਨਾਹ ਵਰਗੇ ਨੇਤਾਵਾਂ ਨੇ ਮੁਸਲਮਾਨਾਂ ਦੇ ਰਾਜਨੀਤਕ ਅਤੇ ਆਰਥਿਕ ਹਿਤਾਂ ਦੀ ਰਾਖੀ ਲਈ ਪਾਕਿਸਤਾਨ ਬਣਾਉਣ ਦੀ ਵਕਾਲਤ ਕੀਤੀ। ਸੀਮਾਂ ਦੀ ਹੱਦਬੰਦੀ ਰੈੱਡਕਲਿਫ ਨੇ ਜਲਦਬਾਜ਼ੀ ਵਿੱਚ ਕੀਤੀ, ਜਿਸ ਨਾਲ ਭਾਈਚਾਰਿਆਂ, ਪਿੰਡਾਂ ਅਤੇ ਇੱਥੋਂ ਤੱਕ ਕਿ ਖੇਤਾਂ ਦੀਆਂ ਜ਼ਮੀਨਾਂ ਦੀ ਆਪਹੁਦਰੀ ਵੰਡ ਹੋਈ। ਇਸ ਨਾਲ ਲੋਕਾਂ ਵਿੱਚ ਬੇਚੈਨੀ ਪੈਦਾ ਹੋਈ ਅਤੇ ਦੋ ਨਵੇਂ ਬਣੇ ਦੇਸ਼ਾਂ ਵਿਚਕਾਰ ਹਮੇਸ਼ਾ ਲਈ ਦੁਸ਼ਮਣੀ ਦਾ ਬੀਜ ਬੀਜਿਆ ਗਿਆ।

ਨਵੀਆਂ ਖਿੱਚੀਆਂ ਗਈਆਂ ਸਰਹੱਦਾਂ ਦੇ ਪਾਰ ਲਗਭਗ ਇੱਕ ਤੋਂ ਡੇਢ ਕਰੋੜ ਲੋਕਾਂ ਦੇ ਵੱਡੇ ਪੱਧਰ ਤੇ ਪਰਵਾਸ ਦੇ ਨਤੀਜੇ ਵਜੋਂ ਵਿਆਪਕ ਹਿੰਸਾ ਅਤੇ ਅਦਲਾ-ਬਦਲੀ ਹੋਈ। ਇਸ ਸਮੇਂ ਦੌਰਾਨ ਫਿਰਕੂ ਦੰਗਿਆਂ ਅਤੇ ਅੱਗ ਲਗਾਉਣ ਦੀਆਂ ਵਾਰਦਾਤਾਂ ਵਿੱਚ ਤਕਰੀਬਨ 15 ਲੱਖ ਲੋਕ ਮਾਰੇ ਗਏ ਜਿਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਦੀਆਂ ਸਮੂਹਿਕ ਯਾਦਾਂ ਤੇ ਇੱਕ ਬਹੁਤ ਵੱਡਾ ਦਾਗ ਲੱਗ ਗਿਆ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਪੰਜਾਬ ਦੀ ਵੰਡ ਦੇ ਪਿਛੋਕੜ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ ਪੰਜਾਬੀ ਵਿੱਚ ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਵੰਡ ਦੇ ਪਿਛੋਕੜ ਦਾ ਵਿਸ਼ਲੇਸ਼ਣ ਕਰੋ। ਭਾਰਤ ਅਤੇ ਪਾਕਿਸਤਾਨ ਵਿੱਚ ਜਿਹੜੇ ਮਤਭੇਦ ਅਜੇ ਤੱਕ ਜਾਰੀ ਹਨ ਕੀ ਉਹ ਹੈਰਾਨੀਜਨਕ ਹਨ?

**[40 marks]**

**Turn over ▶**

*Do not write outside the box*

Do not write outside the box

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | **Additional page, if required.** **Write the question numbers in the left-hand margin.** |
|---|---|
| | |

*Do not write outside the box*

| Question number | **Additional page, if required.** **Write the question numbers in the left-hand margin.** |
|---|---|

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2025 AQA and its licensors. All rights reserved.